# 24 ਗੁਰਬਾਣੀ ਤੇ ਪਿਛਲੇ ਜੁਗਾਂ ਦੇ ਮਹਾਤਮਾ :

ਕੁਝ ਰਾਗੀ ਸਿੰਘ ਤੇ ਸਿਖ ਪ੍ਰਚਾਰਕ ਗੁਰਬਾਣੀ ਅਤੇ ਹੋਰ ਪ੍ਰਮਾਣਕ ਰਚਨਾਵਾਂ ਤੋਂ ਬਾਹਰ ਦੀਆਂ ਪੰਕਤੀਆਂ ਬੋਲ ਕੇ ਸੰਗਤਾਂ ਨੂੰ ਗੁੰਮਰਾਹ ਕਰ ਰਹੇ ਹਨ ਕਿ 'ਦੇਖੋ ਬਾਣੀ ਸ੍ਰੀ ਰਾਮ ਚੰਦਰ ਜੀ ਨੂੰ ਨਹੀਂ ਮੰਨਦੀ, ਬਾਣੀ ਵਿਚ ਰਾਮ ਸ਼ਬਦ ਸਿਰਫ਼ ਨਿਰਗੁਣ ਪ੍ਰਮਾਤਮਾ ਲਈ ਹੀ ਆਇਆ ਹੈ, ਰਾਜਾ ਦਸਰਥ ਦੇ ਪੁਤਰ ਸ੍ਰੀ ਰਾਮ ਚੰਦਰ ਜੀ ਲਈ ਨਹੀਂ।' ਆਪਣੇ ਇਸ ਨਜ਼ਰੀਏ ਨੂੰ ਸਹੀ ਸਾਬਤ ਕਰਨ ਲਈ ਉਹ ਗ਼ਲਤ ਪੰਕਤੀਆਂ ਦਾ ਗ਼ਲਤ ਸਹਾਰਾ ਲੈਂਦੇ ਹਨ :

ਏਕ ਰਾਮ ਦਸ਼ਰਥ ਕਾ ਬੇਟਾ,
ਏਕ ਰਾਮ ਜੋ ਘਟ ਘਟ ਬੈਠਾ

ਇਹ ਪੰਕਤੀਆਂ ਪੜ੍ਹ ਕੇ ਉਹ ਅਗਲੀਆਂ ਨਹੀਂ ਪੜ੍ਹਦੇ ਅਤੇ ਇਹ ਵੀ ਨਹੀਂ ਦਸਦੇ ਕਿ ਇਹ ਕਚੀ ਬਾਣੀ ਹੈ । ਦਾਸ ਕਿਸੇ ਰਾਗੀ ਸਿੰਘ ਦਾ ਗਾਇਨ ਕੀਤਾ ਸ਼ਬਦ ਸੁਣ ਰਿਹਾ ਸੀ : 'ਬੋਲਹੁ ਰਾਮੁ ਕਰੇ ਨਿਸਤਾਰਾ।।...' ਇਸ ਦੇ ਗਾਇਨ ਦੌਰਾਨ ਉਨ੍ਹਾਂ ਨੇ 'ਏਕ ਰਾਮ...' ਵਾਲੀਆਂ ਦੋ ਪੰਕਤੀਆਂ ਵੀ ਗਾਈਆਂ ਗਈਆਂ। ਇਸੇ ਸ਼ਬਦ ਕੀਰਤਨ ਵਿਚ ਗੁਰਬਾਣੀ ਦੀ ਪੰਕਤੀ ਤੋੜ ਕੇ ਇੰਜ ਗਾਈ ਗਈ : 'ਬੋਲਹੁ ਰਾਮੁ ਜਿਹੜਾ ਘਟ ਘਟ ਲੇਟਾ'। ਇਹ ਗੁਰਬਾਣੀ ਗਾਇਨ ਸ਼ੈਲੀ ਨਹੀਂ, ਗੁਰਬਾਣੀ ਦਾ ਅਨਾਦਰ ਹੈ ਅਤੇ ਸੰਗਤਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।

ਹੋ ਸਕਦਾ ਹੈ ਕਿ ਉਸ ਰਾਗੀ ਸਿੰਘ ਨੂੰ ਇਹ ਵੀ ਨਾ ਪਤਾ ਹੋਵੇ ਕਿ ਇਹ ਪੰਕਤੀਆਂ ਕਿਥੋਂ ਲਈਆਂ ਗਈਆਂ ਹਨ। ਨਾ ਤਾਂ ਗਾਇਨ ਕਰਨ ਵਾਲੇ ਨੂੰ ਸੁਧ, ਨਾ ਚੁਪ ਕਰ ਕੇ ਸੁਣਨ ਵਾਲਿਆਂ ਨੂੰ। ਲਗਦਾ ਹੈ ਕਿ ਕਦੇ ਕਿਸੇ ਨੇ ਟੋਕਿਆ ਹੀ ਨਹੀਂ।

ਇਹ ਸਾਰੀਆਂ ਪੰਕਤੀਆਂ, ਭਾਵ ਕਚੀ ਬਾਣੀ ਇੰਜ ਹੈ :

ਏਕ ਰਾਮ ਦਸ਼ਰਥ ਕਾ ਬੇਟਾ,
ਏਕ ਰਾਮ ਜੋ ਘਟ ਘਟ ਬੈਠਾ,
ਏਕ ਰਾਮ ਕਾ ਸਗਲ ਪਸਾਰਾ,
ਏਕ ਰਾਮ ਜੋ ਸਭ ਸੇ ਨਿਆਰਾ,
ਵਹੀ ਰਾਮ ਦਸ਼ਰਥ ਕਾ ਬੇਟਾ,
ਵਹੀ ਰਾਮ ਘਟ ਘਟ ਮੇਂ ਲੇਟਾ,
ਉਸੀ ਰਾਮ ਕਾ ਸਗਲ ਪਸਾਰਾ,
ਵਹੀ ਰਾਮ ਦੁਨੀਆਂ ਸੇ ਨਿਆਰਾ।

ਹੁਣ ਦੇਖੋ ਗਲ ਕਿਥੇ ਦੀ ਕਿਥੇ ਪੁਜ ਗਈ !! ਇੰਜ ਸ੍ਰੀ ਰਾਮ ਚੰਦਰ ਜੀ ਬਾਰੇ

ਗੁੰਮਰਾਹ ਕਰਨਾ ਉਚਿਤ ਨਹੀਂ।
**ਜੇ ਗ਼ਲਤ ਤੇ ਹੋਛੀ ਰਾਜਨੀਤੀ ਦੇ ਤਹਿਤ ਕੁਝ ਹਿੰਦੂ ਤੇ ਹਿੰਦੂ ਜਮਾਤਾਂ ਗੁਰੂ ਸਾਹਿਬਾਨ ਨੂੰ ਤੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਤੇ ਤੁਲੇ ਹੋਏ ਹਨ ਤਾਂ ਉਨ੍ਹਾਂ ਨੂੰ ਗ਼ਲਤ ਸਾਬਤ ਕਰਨ ਲਈ ਪੁਰਾਤਨ ਮਹਾਤਮਾਵਾਂ ਨੂੰ ਅਸਵਿਕਾਰ ਕਰ ਦੇਣਾ ਜਾਂ ਉਨ੍ਹਾਂ ਦੀ ਬੇ ਅਦਬੀ ਕਰਨੀ ਸਿਖ ਜਗਤ ਨੂੰ ਸੋਭਾ ਨਹੀਂ ਦਿੰਦਾ। ਫ਼ਿਰ ਤਾਂ ਦੋਹਾਂ ਪਾਸਿਆਂ ਵਿਚ ਕੋਈ ਫ਼ਰਕ ਹੀ ਨਾ ਰਿਹਾ !!**
ਸਾਨੂੰ ਸਿਖਾਂ ਨੂੰ ਚਾਹੀਦਾ ਕਿ ਇੰਨ੍ਹਾਂ ਪੁਰਾਤਨ ਮਹਾਤਮਾਵਾਂ ਨੂੰ ਸਵੀਕਾਰ ਕਰੀਏ ਜਾਂ ਨਾਂ, ਪਰ ਨਿੰਦਾ ਨਾ ਕੀਤੀ ਜਾਏ। ਗੁਰੂ ਨਾਨਕ ਪਾਤਸ਼ਾਹ ਨਾਲ ਵਧ ਤੋਂ ਵਧ ਪ੍ਰੇਮ ਕਰੀਏ, ਉਨ੍ਹਾਂ ਦੇ ਦਰਸਾਏ ਮਾਰਗ ਤੇ ਤੁਰੀਏ।
ਬਾਣੀ ਵਿਚੋਂ ਮਨ ਮਰਜ਼ੀ ਦੇ ਹਿਸੇ ਵੀ ਗ਼ਲਤ ਸੰਦਰਭ ਵਿਚ ਪੇਸ਼ ਨਹੀਂ ਕੀਤੇ ਜਾਣੇ ਚਾਹੀਦੇ।
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 973 ਤੇ ਇੰਜ ਅੰਕਿਤ ਹੈ :

ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥

ਨਾਮਦੇਵ ਬੇਨਤੀ ਕਰਦਾ ਹੈ, ਮੇਰਾ ਸ਼ਹਿਨਸ਼ਾਹ ਸੁਆਮੀ ਰਾਜੇ ਦਸਰਥ ਦਾ ਪੁੱਤ੍ਰ, ਰਾਮ ਚੰਦ ਹੈ ਅਤੇ ਮੈਂ ਸੁਰਜੀਤ ਕਰਨਹਾਰ ਅੰਮ੍ਰਿਤ ਦਾ ਜੌਹਰ ਪਾਨ ਕਰਦਾ ਹਾਂ।

ਪੰਨਾ 1401 ਤੇ ਅੰਕਿਤ ਹੈ :
'ਰਘੁਬੰਸਿ ਤਿਲਕੁ ਸੁੰਦਰੁ ਦਸਰਥ ਘਰਿ
ਮੁਨਿ ਬੰਛਹਿ ਜਾ ਕੀ ਸਰਣੰ।।'
ਅਰਥ: ਰਘੂ ਰਾਜਾ ਦੀ ਬੰਸ ਦੇ ਤਿਲਕ, ਭਾਵ ਰਾਜਾ ਦਸਰਥ ਦੇ ਘਰ ਸ੍ਰੋਮਣੀ ਸੁੰਦਰ ਸਰੂਪ ਸ੍ਰੀ ਰਾਮ ਚੰਦਰ ਜੀ ਜੋ ਪ੍ਰਗਟ ਹੋਏ ਹਨ, ਉਨ੍ਹਾਂ ਦੀ ਸ਼ਰਣ ਸਾਰੇ ਮੁਨੀ ਜਨ, ਭਾਵ ਭਗਤ ਜਨ ਪ੍ਰਾਪਤ ਕਰਨੀ ਲੋਚਦੇ ਹਨ, (ਸੋਈ ਰੂਪ ਗੁਰੂ

ਰਾਮ ਦਾਸ ਸਾਹਿਬ ਜੀ ਹਨ।)
ਪੰਨਾ 1390 ਤੇ ਪਹਿਲੇ ਮਹਲੇ ਦੇ ਸਵਈਆਂ ਵਿਚ ਗੁਰੂ ਨਾਨਕ ਦੇਵ ਜੀ ਨੂੰ ਸੰਬੋਧਨ ਕਰ ਕੇ ਅੰਕਿਤ ਹੈ ਕਿ :
'ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ।।'
ਅਰਥ: ਹੇ ਨਾਨਕ ! ਸਤਜੁਗ ਵਿਚ ਤੂੰ ਹੀ ਰਾਜ ਜੋਗ ਮਾਣਿਆ ਸੀ ਅਤੇ ਰਾਜਾ ਬਲ ਨੂੰ ਛਲਿਆ ਸੀ ਤੇ ਉਸ ਲਈ ਤੈਨੂੰ ਬਾਵਨ ਅਵਤਾਰ ਬਣਨਾ ਭਾਇਆ ਸੀ ਜਾਂ ਚੰਗਾ ਲਗਾ ਸੀ।
'ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ।।'
ਅਰਥ: ਤ੍ਰੇਤੇ ਜੁਗ ਵਿਚ ਵੀ ਤੂੰ ਰਾਜ ਜੋਗ ਮਾਣਿਆ ਅਤੇ ਤੂੰ ਆਪਣੇ ਆਪ ਨੂੰ ਰਘੁਵੰਸੀ ਰਾਮ ਅਖਵਾਇਆ ਸੀ।
'ਦੁਆਪਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ।।
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ।।'
ਅਰਥ: ਦੁਆਪਰ ਜੁਗ ਵਿਚ ਵੀ, ਹੇ ਨਾਨਕ! ਤੂੰ ਹੀ ਸੀ ਜਿਸ ਨੇ ਮੁਰਾ ਰਾਖ਼ਸ਼ ਨੂੰ ਮਾਰ ਕੇ ਮੁਰਾਰੀ ਅਖਵਾਇਆ ਸੀ ਅਤੇ ਕੰਸ ਦਾ ਵੀ ਉਧਾਰ ਕੀਤਾ ਸੀ। ਤੂੰ ਹੀ ਉਗ੍ਰਸੈਣ ਨੂੰ ਰਾਜ ਵਾਪਸ ਸੌਂਪਿਆ ਸੀ ਅਤੇ ਬਾਕੀ ਹੋਰ ਵੀ ਆਪਣੇ ਭਗਤ ਜਨਾਂ ਨੂੰ ਨਿਰਭੈਤਾ ਬਖ਼ਸ਼ੀ ਸੀ।
'ਕਲਿਜੁਗਿ ਪ੍ਰਮਾਣੁ ਨਾਨਕੁ ਗੁਰੁ ਅੰਗਦੁ ਅਮਰੁ  ਕਹਾਇਓ।।'
ਅਰਥ: ਹੇ ਨਾਨਕ ! ਤੂੰ ਹੀ ਕਲਜੁਗ ਵਿਚ ਪ੍ਰਮਾਣੀਕ ਹੈਂ ਅਤੇ ਆਪਣੇ ਆਪ ਨੂੰ ਨਾਨਕ ਗੁਰੂ ਅੰਗਦ ਅਤੇ ਅਮਰਦਾਸ ਅਖਵਾਇਆ ਹੈ।
'ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ।।੭।।'
ਅਰਥ: ਇਸ ਤਰ੍ਹਾਂ ਇਹੀ ਇਸੇ ਗੁਰਿਆਈ  ਦਾ ਰਾਜ ਸਦਾ ਤੋਂ ਹੀ ਅਟੱਲ ਅਤੇ ਸਦਾ ਥਿਰ ਰਹਿਣ ਵਾਲਾ ਹੈ, ਅਜਿਹਾ ਆਦਿ ਪੁਰਖ ਭਾਵ ਸ੍ਰੀ ਅਕਾਲ ਪੁਰਖ ਸਾਹਿਬ ਜੀ ਦਾ ਫ਼ੁਰਮਾਣ ਹੈ।੭।
ਭਾਵ ਇਸ ਤਰ੍ਹਾਂ ਇਹ ਜੋਤਿ ਦੀ ਨਿਰੰਤਰਤਾ ਸਦਾ ਤੋਂ ਬਣੀ ਚਲੀ ਆ ਰਹੀ ਹੈ।
ਗੁਰਬਾਣੀ ਦੀਆਂ ਕੁਝ ਹੋਰ ਪੰਕਤੀਆਂ ਨੂੰ ਸੰਦਰਭ ਤੋਂ ਬਾਹਰ ਆਪਣੇ ਹੀ ਮਨ-ਭਾਉਂਦੇ ਅਰਥਾਂ ਵਿਚ ਪੇਸ਼ ਕਰਨਾ ਅਨਰਥ ਹੈ। ਜਿਵੇਂ :
'ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ।।
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ।।'
ਅਰਥ: ਹੇ  ਪੰਡਿਤ ! ਤੇਰਾ ਰਾਮ ਚੰਦਰ ਨੂੰ ਮੈਂ ਆਏ ਨੂੰ ਵੇਖਿਆ ਸੀ। ਆਪਣੀ ਪਤਨੀ ਨੂੰ ਗੁਆ ਕੇ ਰਾਵਣ ਦੇ ਨਾਲ ਲੜਾਈ ਲੜੀ।

ਇਥੇ ਸ੍ਰੀ ਰਾਮ ਚੰਦਰ ਜੀ ਦੀ ਨਹੀਂ, ਪੰਡਿਤ ਦੀ ਸੋਚ ਦੀ ਨਿਖੇਧੀ ਹੈ। ਜੇ ਭਗਤ ਨਾਮਦੇਵ ਜੀ ਦੇ ਇਸ ਸਾਰੇ ਸ਼ਬਦ ਨੂੰ ਗਹੁ ਨਾਲ ਵਾਚੀਏ ਤਾਂ ਇਹ ਗਲ ਸਾਹਮਣੇ ਆਏਗੀ ਕਿ ਪੰਡਿਤ ਦਾ ਆਪਣੇ ਇਸ਼ਟ ਬਾਰੇ ਸ਼ਰਧਾ, ਵਿਵੇਕ ਤੋਂ ਹੀਨ ਕਹਾਣੀਆਂ ਘੜ੍ਹਨ ਦੀ ਨਿਖੇਧੀ ਕੀਤੀ ਗਈ ਹੈ। ਭਗਤ ਜੀ ਇਹ ਦੱਸ ਰਹੇ ਹਨ ਕਿ ਇਤਨੇ ਵਡੇ ਮਹਾਂਪੁਰਖ ਬਾਰੇ ਪੰਡਿਤ ਨੂੰ ਕੋਈ ਗਿਆਨ ਤਾਂ ਹੈ ਨਹੀਂ ਬਸ ਇਹੀ ਕੁਝ ਜਾਣਦਾ ਹੈ ਤੇ ਆਪਣੀ ਰੋਟੀ ਚਲਾ ਰਿਹਾ ਹੈ। ਤਾਹੀਓਂ ਅਗੋਂ ਉਹ ਹਿੰਦੂ ਨੂੰ ਅੰਨ੍ਹਾ ਕਹਿ ਦਿੰਦੇ ਹਨ:

'ਹਿੰਦੂ ਅੰਨਾ ਤੁਰਕੂ ਕਾਣਾ।। ਦੁਹਾਂ ਤੇ ਗਿਆਨੀ ਸਿਆਣਾ।।'

Last modified: 12:32 am